# ਭਾਸ਼ਾ ਸਬੰਧੀ ਸਹਾਇਤਾ

ਭਾਸ਼ਾ ਸਬੰਧੀ ਸਹਾਇਤਾ ਸੇਵਾਵਾਂ, ਸਿਹਤ-ਸੰਭਾਲ ਅਥਾੱਰਿਟੀ (HCA) ਦੇ ਗਾਹਕਾਂ ਲਈ ਬਿਲਕੁਲ ਮੁਫ਼ਤ ਉਪਲਬਧ ਹਨ, ਇਸ ਵਿਚ ਦੋ-ਭਾਸ਼ਾਵਾਂ ਬੋਲਣ ਵਾਲੇ ਮੁਲਾਜ਼ਮਾਂ ਵਲੋਂ ਸਿੱਧੀਆਂ ਸੇਵਾਵਾਂ, ਦੁਭਾਸ਼ੀਆ ਸੇਵਾਵਾਂ ਅਤੇ ਛਪੀਆਂ ਹੋਈਆਂ ਸਮਗ੍ਰੀਆਂ ਦਾ ਅਨੁਵਾਦ ਸ਼ਾਮਿਲ ਹੁੰਦਾ ਹੈ।

## Washington Apple Health (Medicaid) ਕਵਰੇਜ ਬਾਰੇ ਜਾਣਕਾਰੀ ਦਾ ਪਤਾ ਲਾਓ

**18 ਤੋਂ 64 ਸਾਲ ਦੀ ਉਮਰ ਦੇ ਬਾਲਗ਼ਾਂ ਅਤੇ ਅਤੇ ਬੱਚਿਆਂ ਅਤੇ ਗਰਭਵਤੀ ਔਰਤਾਂ ਲਈ ਕਵਰੇਜ ਦੇ ਇੱਛੁਕ ਲੋਕਾਂ ਲਈ**

- 1-855-923-4633 'ਤੇ ਕਾੱਲ ਕਰੋ
- ਇਨ-ਪਰਸਨ ਲੋਕਲ ਨੈਵੀਗੇਟਰ ਜਾਂ ਬ੍ਰੋਕਰ ਦਾ ਪਤਾ ਲਾਓ

**ਨੇਤਰਹੀਣ, ਅਪੰਗ ਜਾਂ 65 ਸਾਲ ਅਤੇ ਵੱਧ ਉਮਰ ਦੇ ਲੋਕਾਂ ਲਈ ਅਪੰਗਤਾ-ਅਧਾਰਿਤ ਕਵਰੇਜ**

- 1-877-501-2233 'ਤੇ ਕਾੱਲ ਕਰੋ
- ਸਥਾਨਕ DSHS (ਡੀਐਸਐਚਐਸ) ਕਮਉਨਿਟੀ ਸੇਵਾਵਾਂ ਬਾਰੇ ਦਫ਼ਤਰ ਦਾ ਪਤਾ ਲਾਓ

**ਉਹਨਾਂ ਲੋਕਾਂ ਲਈ, ਜਿਹਨਾਂ ਨੂੰ ਲੰਮੀ-ਮਿਆਦ ਦੀ ਸੰਭਾਲ ਦੀ ਲੋੜ ਹੈ**

ਇਸ ਵਿਚ ਨਰਸਿੰਗ ਹੋਮ ਕੇਅਰ, ਇਨ-ਹੋਮ ਨਿਜੀ ਸੰਭਾਲ, ਰਹਿਣ-ਸਹਿਣ ਸਬੰਧੀ ਸਹਾਇਤਾ ਵਾਲੀ ਸਹੂਲਤ ਅਤੇ ਬਾਲਗ਼ ਪਰਿਵਾਰ ਹੋਮ ਸਬੰਧੀ ਪ੍ਰੋਗਰਾਮ ਸ਼ਾਮਿਲ ਹਨ।

- 1-800-422-3263 'ਤੇ ਕਾੱਲ ਕਰੋ
- ਸਥਾਨਕ DSHS (ਡੀਐਸਐਚਐਸ) ਕਮਉਨਿਟੀ ਸੇਵਾਵਾਂ ਬਾਰੇ ਦਫ਼ਤਰ ਦਾ ਪਤਾ ਲਾਓ

## ਅਨੁਵਾਦ ਕੀਤੀਆਂ ਹੋਈਆਂ ਸਮਗ੍ਰੀਆਂ ਦਾ ਪਤਾ ਲਾਉਣਾ

1. HCA ਦੀ ਵੈਬਸਾਈਟ 'ਤੇ ਫ਼ਾਰਮਾਂ ਅਤੇ ਪਬਲੀਕੇਸ਼ਨਾਂ ਬਾਰੇ ਵੈਬਪੇਜ 'ਤੇ ਜਾਓ: www.hca.wa.gov/apple-health-client-forms.
2. "ਸਰਚ" ਬਾਰ ਲੱਭੋ।




3. "ਸਰਚ" ਬਾਰ ਵਿਚ ਮੁੱਖ ਸ਼ਬਦ ਜਾਂ HCA ਦਸਤਾਵੇਜ਼ ਦਾ ਨਾਂ ਅੰਗ੍ਰੇਜ਼ੀ ਵਿਚ ਟਾਈਪ ਕਰੋ ਜਾਂ ਦਸਤਾਵੇਜ਼ ਦਾ ਨੰਬਰ ਟਾਈਪ ਕਰੋ। "ਸਰਚ" ਬਟਨ 'ਤੇ ਕਲਿੱਕ ਕਰੋ।
4. "ਫ਼ਾਰਮ ਲਓ" ਜਾਂ "ਪਬਲੀਕੇਸ਼ਨ ਲਓ" ਚੁਣੋ ਅਤੇ ਉੱਪਰੋਂ ਥੱਲੇ ਆਉਣ (ਡ੍ਰਾੱਪ ਡਾਉਨ) ਵਾਲੇ ਮੇਨਿਉ ਤੋਂ ਤਰਜੀਹੀ ਭਾਸ਼ਾ ਵਿਚ ਉਪਲਬਧ ਦਸਤਾਵੇਜ਼ ਚੁਣੋ।

**ਤੁਹਾਨੂੰ ਲੋੜੀਂਦੀ ਭਾਸ਼ਾ ਵਿਚਲੀਆਂ ਸਮਗ੍ਰੀਆਂ ਨਜ਼ਰ ਨਹੀਂ ਆਉਂਦੀਆਂ, ਤਾਂ ਕੀ ਕਰੋ?**

ਤੁਸੀਂ ਮਦਦ ਲੈ ਸਕਦੇ ਹੋ ਜਾਂ ਜੇ ਜ਼ਰੂਰੀ ਹੈ, ਤਾਂ HCA ਸਮਗ੍ਰੀਆਂ ਅਨੁਵਾਦ ਕੀਤੇ ਜਾਣ ਦੀ ਬੇਨਤੀ ਕਰੋ। 1-800-562-3022 'ਤੇ HCA ਨੂੰ ਕਾੱਲ ਕਰੋ।